**ਡਾਇਰੈਕਟੋਰੇਟ,**
**ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ੍ਰੇਣੀਆਂ ਭਲਾਈ ਵਿਭਾਗ, ਪੰਜਾਬ,**
**ਐਸ.ਸੀ.ਓ. 128-129 ਸੈਕਟਰ 34-ਏ, ਚੰਡੀਗੜ੍ਹ**
**(ਮਨਿਓਰਿਟੀ ਸ਼ਾਖਾ)**

ਸੇਵਾ ਵਿਖੇ

ਸਕੱਤਰ-ਕਮ-ਡਾਇਰੈਕਟਰ ਜਨਰਲ, ਸਕੂਲ ਸਿੱਖਿਆ,
ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਸੈਕਟਰ-62,
ਐਸ.ਏ.ਐਸ.ਨਗਰ (ਮੋਹਾਲੀ)।

ਮੀਮੋ ਨੰ: DW/CS(MW)-2/057/ 620
ਮਿਤੀ, ਚੰਡੀਗੜ੍ਹ; 14/5/13

**ਵਿਸ਼ਾ:-** **ਘੱਟ ਗਿਣਤੀ ਵਰਗ ਦੀ ਪੋਸਟ-ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਸੈਕੰਡਰੀ ਸਕੂਲਾਂ ਦੀ ਆਨਲਾਈਨ ਰਜਿਸਟ੍ਰੇਸ਼ਨ ਕਰਨ ਸਬੰਧੀ - ਸੈਸ਼ਨ - 2013-14**

ਘੱਟ ਗਿਣਤੀ ਵਰਗ ਦੇ ਵਿਦਿਆਰਥੀਆਂ ਲਈ ਪੋਸਟ-ਮੈਟ੍ਰਿਕ ਸਕਾਲਰਸ਼ਿਪ ਸਕੀਮ ਇਸ ਵਿਭਾਗ ਵੱਲੋਂ ਮਨਿਸਟਰੀ ਆਫ ਮਨਿਓਰਿਟੀ ਅਫੇਅਰਜ਼, ਭਾਰਤ ਸਰਕਾਰ ਦੇ ਸਹਿਯੋਗ ਨਾਲ ਚਲਾਈ ਜਾ ਰਹੀ ਹੈ। ਇਹ ਸਕੀਮ ਸੈਸ਼ਨ 2012-13 ਤੋਂ ਆਨਲਾਈਨ ਕੀਤੀ ਗਈ ਸੀ, ਪਰ ਉਸ ਸਮੇਂ ਸੈਕੰਡਰੀ ਸਕੂਲ ਆਨਲਾਈਨ ਨਹੀਂ ਕੀਤੇ ਗਏ ਸਨ।

ਸੈਸ਼ਨ 2013-14 ਤੋਂ ਮਨਿਸਟਰੀ ਵੱਲੋਂ ਇਹ ਸਕੀਮ ਪੂਰਨ ਤੌਰ ਤੇ ਆਨਲਾਈਨ ਕਰ ਦਿੱਤੀ ਗਈ ਹੈ। ਸਕੀਮ ਨੂੰ ਆਨਲਾਈਨ ਲਾਗੂ ਕਰਨ ਲਈ ਇਹ ਜਰੂਰੀ ਹੈ ਕਿ ਸਾਰੇ ਸੈਕੰਡਰੀ ਸਕੂਲਾਂ ਨੂੰ ਭਾਰਤ ਸਰਕਾਰ ਵੱਲੋਂ ਕਰੀਏਟ ਕੀਤੀ ਗਈ Website:- www.momascholarship.gov.in ਤੇ ਇਸ ਦਫਤਰ ਰਾਹੀ ਰਜਿਸਟਰ ਕਰਵਾਇਆ ਜਾਵੇ। ਇਸ ਦਫਤਰ ਵੱਲੋ ਸਕੂਲਾਂ ਨੂੰ ਰਜਿਸਟਰ ਕਰਨ ਉਪਰੰਤ ਹਰ ਇੱਕ ਸਕੂਲ ਨੂੰ User-ID and Password ਦਿੱਤਾ ਜਾਣਾ ਹੈ। ਸਕੂਲ ਦੇ ਰਜਿਸਟਰ ਹੋਣ ਉਪਰੰਤ ਹੀ, ਉਸ ਸਕੂਲ ਨਾਲ ਸਬੰਧਤ ਯੋਗ ਵਿਦਿਆਰਥੀ ਆਨਲਾਈਨ ਅਪਲਾਈ ਕਰਨਗੇ ਤੇ ਸਬੰਧਤ ਸਕੂਲ ਅਰਜ਼ੀਆਂ ਦੀ ਘੋਖ ਕਰਕੇ ਆਨਲਾਈਨ ਹੀ ਤਜਵੀਜ਼ ਡਾਇਰੈਕਟਰ, ਭਲਾਈ ਵਿਭਾਗ ਨੂੰ Forward ਕਰਨਗੇ ਤੇ ਨਾਲ ਹੀ ਤਸਦੀਕਸ਼ੁਦਾ ਹਾਰਡ ਕਾਪੀ ਸਮੇਤ ਲੋੜੀਂਦੇ ਡਾਕੂਮੈਂਟਸ ਭੇਜਣਗੇ।

ਇਹ ਪ੍ਰੋਸੈਸ ਮੁਕੰਮਲ ਕਰਨ ਲਈ ਇਸ ਦਫਤਰ ਵੱਲੋਂ ਵੱਖ ਵੱਖ ਅਖਬਾਰਾਂ ਵਿੱਚ ਮਿਤੀ 11-4-2013 ਅਤੇ 12-4-2013 ਨੂੰ ਇਸ਼ਤਿਹਾਰ ਦਿੱਤਾ ਗਿਆ ਹੈ (ਕਾਪੀ ਨੱਥੀ ਹੈ)। ਇਸ ਇਸ਼ਤਿਹਾਰ ਅਨੁਸਾਰ ਸਕੂਲਾਂ ਨੂੰ ਰਜਿਸਟਰ ਕਰਵਾਉਣ ਲਈ ਆਖਰੀ ਮਿਤੀ 30-6-2013 ਨਿਸਚਿਤ ਕੀਤੀ ਗਈ ਹੈ, ਪ੍ਰੰਤੂ ਇਹ ਦੇਖਣ ਵਿੱਚ ਆਇਆ ਹੈ ਕਿ ਹੁਣ ਤੱਕ ਬਹੁਤ ਘੱਟ ਸਰਕਾਰੀ ਸਕੂਲਾਂ ਵੱਲੋਂ ਰਜਿਸਟਰ ਕਰਵਾਉਣ ਦੀ ਪਹੁੰਚ ਕੀਤੀ ਗਈ ਹੈ।

ਉਕਤ ਸਥਿਤੀ ਨੂੰ ਮੁੱਖ ਰੱਖਦੇ ਹੋਏ, ਬੇਨਤੀ ਕੀਤੀ ਜਾਂਦੀ ਹੈ ਕਿ ਸਮੂਹ ਸਰਕਾਰੀ ਸਕੂਲਾਂ ਨੂੰ ਇਸ ਦਫਤਰ ਨਾਲ ਤੁਰੰਤ ਰਜਿਸਟਰ ਕਰਵਾਉਣ ਲਈ ਲੋੜੀਂਦੀਆਂ ਹਦਾਇਤਾਂ ਜਾਰੀ ਕਰਨ ਦੀ ਖੇਚਲ ਕੀਤੀ ਜਾਵੇ ਤਾਂ ਜੋ ਵੱਧ ਤੋਂ ਵੱਧ ਵਿਦਿਆਰਥੀ ਇਸ ਸਕੀਮ ਦਾ ਲਾਭ ਲੈ ਸਕਣ।

**ਨੋਟ:- ਸਕੀਮ ਦੀ ਡੀਟੇਲ Website:- www.minorityaffairs.gov.in ਤੇ ਵੇਖੀ ਜਾ ਸਕਦੀ ਹੈ।**

ਹ/- **ਡਾਇਰੈਕਟਰ**

ਪਿੱਠਅੰਕਣ ਨੰ: DW/CS(MW)-2/057/621-622 ਮਿਤੀ, ਚੰਡੀਗੜ੍ਹ; 14/5/13

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਸਕੱਤਰ, ਸਕੂਲ ਸਿੱਖਿਆ (ਸੈਕੰਡਰੀ), ਸੈਕਟਰ-62, ਐਸ.ਏ.ਐਸ.ਨਗਰ।
2. ਡਾਇਰੈਕਟਰ, ਸਕੂਲ ਸਿੱਖਿਆ (ਸੈਕੰਡਰੀ), ਸੈਕਟਰ-62, ਐਸ.ਏ.ਐਸ.ਨਗਰ।

ਹ/- **ਡਾਇਰੈਕਟਰ**